# ਪੰਜਾਬੀ—104

## XII (ਬਾਰ੍ਹਵੀਂ)

# ਨਮੂਨੇ ਦਾ ਪ੍ਰਸ਼ਨ-ਪੱਤਰ

## (ਮਾਰਚ-ਅਪ੍ਰੈਲ 2024-25)

**Time Allowed 3 Hrs** | **M.M. 80**

**ਸਮਾਂ ਤਿੰਨ ਘੰਟੇ** | **ਕੁੱਲ ਅੰਕ 80**

### *ਆਮ ਨਿਰਦੇਸ਼*

**ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

* **ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ਼ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।**
* **ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ।**
* **ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।**

### ਭਾਗ-1: ਪੜ੍ਹਨ ਕੌਸ਼ਲ (Part-I: Reading Skill) 8+8+7=23

1. ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦੇ ਹੇਠਾਂ ਪੁੱਛੇ ਗਏ **ਬਹੁ-ਵਿਕਲਪੀ ਪ੍ਰਸ਼ਨਾਂ** ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (8x1=8)

ਲੋਕ-ਕਲਾ ਦਾ ਜਨਮ ਮਨੁੱਖ ਦੁਆਰਾ ਕੀਤੇ ਜਾਣ ਵਾਲ਼ੇ ਕੰਮਾਂ ਦੇ ਸੁਹਜ, ਸਾਦਗੀ ਅਤੇ ਕਲਾਤਮਿਕ ਗੁਣਾਂ ਵਿੱਚੋਂ ਹੋਇਆ। ਲੋਕ-ਕਲਾ ਆਦਿ-ਮਾਨਵ ਤੋਂ ਹੀ ਮਨੁੱਖ ਦੀ ਤ੍ਰਿਪਤੀ ਦਾ ਸਾਧਨ ਰਹੀ ਹੈ। ਇਸ ਤਰ੍ਹਾਂ ਲੋਕ-ਕਲਾ ਪ੍ਰਾਚੀਨ ਪਰੰਪਰਾ ਹੈ। ਉਦਾਹਰਨ ਲਈ ਪ੍ਰਾਚੀਨ ਸਿੰਧ ਘਾਟੀ ਦੀ ਖ਼ੁਦਾਈ ਵਿੱਚੋਂ ਮਿਲ਼ੀਆਂ ਮੂਰਤੀਆਂ, ਗਹਿਣੇ, ਠੀਕਰੀਆਂ, ਮੋਹਰਾਂ ਤੇ ਉੱਕਰੇ ਚਿੱਤਰ, ਮਿੱਟੀ ਦੇ ਭਾਂਡਿਆਂ ਉੱਤੇ ਅੰਕਿਤ ਚਿੱਤਰਕਾਰੀ ਦੇ ਨਮੂਨੇ ਅਤੇ ਨਾਚੀ ਦੀ ਮੁਦਰਾ ਵਿੱਚ ਮਿਲੀ ਮੂਰਤੀ ਜਿੱਥੇ ਪੰਜਾਬ ਦੀ ਪ੍ਰਾਚੀਨ ਲੋਕ-ਕਲਾ ਨੂੰ ਪ੍ਰਗਟ ਕਰਦੇ ਹਨ, ਉੱਥੇ ਪੰਜਾਬ ਦੀ ਲੋਕ-ਕਲਾ ਨੂੰ ਕਲਾਤਮਿਕ ਵਿਰਸੇ ਨਾਲ਼ ਵੀ ਜੋੜਦੇ ਹਨ। ਅਜਿਹੀ ਕਲਾ ਜੋ ਕਿਸੇ ਸਮਾਨ ਪਰੰਪਰਾ ਵਾਲ਼ੇ ਸੱਭਿਆਚਾਰ ਦੇ ਮਨੁੱਖੀ ਸਮੂਹ ਦੀਆਂ ਮਾਨਸਿਕ ਭਾਵਨਾਵਾਂ ਨੂੰ ਪ੍ਰਗਟਾਉਂਦੀ ਹੋਵੇ ਅਤੇ ਵਿਰਸੇ ਵਿੱਚੋਂ ਪ੍ਰਾਪਤ ਹੁੰਦੀ ਹੋਵੇ, ਲੋਕ ਕਲਾ ਹੈ। ਸਰਲਤਾ ਅਤੇ ਸਾਦਗੀ ਲੋਕ-ਕਲਾ ਦੇ ਵਿਸ਼ੇਸ਼ ਗੁਣ ਹਨ। ਪੰਜਾਬ ਦੀ ਲੋਕ-ਕਲਾ ਭਾਵੇਂ ਨਿਰੰਤਰ ਪ੍ਰਵਰਤਨਸ਼ੀਲ ਰਹੀ ਹੈ ਪਰ ਇਹ ਸਦਾ ਸੰਵੇਦਨਸ਼ੀਲ, ਸਾਦੀ ਅਤੇ ਮਾਨਵੀ ਮੁੱਲਾਂ ਵਾਲ਼ੀ ਰਹੀ ਹੈ। ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਕੁਝ ਅੰਤਰ ਵੀ ਹਨ। ਜਿਵੇਂ-ਜਿਵੇਂ ਲੋਕ-ਕਲਾ ਵਿੱਚ ਨਿਖਾਰ ਆਉਂਦਾ ਗਿਆ ਤਿਵੇਂ-ਤਿਵੇਂ ਕਲਾ ਦੇ ਨਿਯਮ ਬਣਦੇ ਗਏ। ਜਿਸ ਕਲਾ ਦਾ ਲਿਖਤੀ ਸ਼ਾਸਤਰ ਬਣ ਗਿਆ ਉਹ ਲੋਕ-ਕਲਾ ਸ਼ਾਸਤਰੀ ਕਲਾ ਦੇ ਘੇਰੇ ਵਿੱਚ ਚਲੀ ਗਈ। ਇਹ ਕਲਾ ਭਾਵੇਂ ਨਾਚ ਹੋਣ ਜਾਂ ਚਿੱਤਰਕਾਰੀ ਹੋਵੇ। ਇੱਥੇ ਇਹ ਗੱਲ ਸਪਸ਼ਟ ਕਰ ਦੇਣੀ ਬਣਦੀ ਹੈ ਕਿ ਸ਼ਾਸਤਰੀ ਕਲਾ ਜਿੱਥੇ ਬੱਝਵੇਂ ਨਿਯਮਾਂ ਵਾਲ਼ੀ ਹੁੰਦੀ ਹੈ, ਉੱਥੇ ਲੋਕ-ਕਲਾ ਦੇ ਨਿਯਮ ਲਚਕੀਲੇ ਹੁੰਦੇ ਹਨ। ਫਿਰ ਵੀ ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਸੁਹਜ ਦੀ ਤਾਂਘ ਅਤੇ ਮਨੋਰੰਜਨ ਜਿਹੇ ਗੁਣ ਸਾਂਝੇ ਹਨ।

**(i) ਲੋਕ-ਕਲਾ ਦਾ ਜਨਮ ਮਨੁੱਖ ਦੇ ਕਿਹੜੇ ਗੁਣਾਂ ਵਿੱਚੋਂ ਹੋਇਆ?**

(A) ਸਾਦਗੀ (B) ਸੁਹਜ

(C) ਕਲਾਤਮਿਕਤਾ (D) ਉਪਰੋਕਤ ਸਾਰੇ

**(ii) ਮੂਰਤੀ, ਠੀਕਰੀਆਂ, ਮੋਹਰਾਂ ਆਦਿ ਕਿੱਥੋਂ ਪ੍ਰਾਪਤ ਹੋਈਆਂ ?**

(A) ਸਿੰਧ ਘਾਟੀ ਦੀ ਖੁਦਾਈ 'ਚੋਂ

(B) ਸਮੁੰਦਰ 'ਚੋਂ

(C) ਵਿਰਾਸਤ ਤੋਂ

(D) ਇਹਨਾਂ ਵਿੱਚੋਂ ਕੋਈ ਨਹੀਂ

**(iii) ਭਾਂਡਿਆਂ ਉੱਤੇ ਅੰਕਿਤ ਚਿੱਤਰਕਾਰੀ ਦੇ ਨਮੂਨੇ ਕੀ ਪ੍ਰਗਟ ਕਰਦੇ ਹਨ ?**

(A) ਨਾਚੀ ਦੀ ਮੁਦਰਾ

(B) ਲੋਕ-ਕਲਾ

(C) ਸੱਭਿਆਚਾਰ

(D) ਵਿਸ਼ੇਸ਼ ਗੁਣ

**(iv) ਕਿਹੜੀ ਕਲਾ ਬੱਝਵੇਂ ਨਿਯਮਾਂ ਵਾਲ਼ੀ ਹੁੰਦੀ ਹੈ ?**

(A) ਯੁੱਧ-ਕਲਾ

(B) ਚਿੱਤਰ ਕਲਾ

(C) ਪ੍ਰਾਚੀਨ ਕਲਾ

(D) ਸ਼ਾਸਤਰੀ ਕਲਾ

**(v) ਲੋਕ-ਕਲਾ ਪ੍ਰਵਰਤਨਸ਼ੀਲ ਹੋਣ ਦੇ ਬਾਵਜੂਦ ਕਿਹੜੇ ਮੁੱਲਾਂ ਦੀ ਧਾਰਨੀ ਹੈ ?**

(A) ਸੰਵੇਦਨਸ਼ੀਲ

(B) ਸ਼ਿਕਾਰ ਖੇਡਣਾ

(C) ਮਾਨਵੀ

(D) ਸਫ਼ਲਤਾ

**(vi) ਕਿਹੜੀ ਲੋਕ-ਕਲਾ ਸ਼ਾਸਤਰੀ ਕਲਾ ਦੇ ਘੇਰੇ ਵਿੱਚ ਚਲੀ ਗਈ ?**

(A) ਜਿਸ ਦਾ ਨਿਖਾਰ ਆਇਆ ਹੋਵੇ

(B) ਜਿਸ ਦਾ ਲਿਖਤੀ ਸ਼ਾਸਤਰ ਬਣ ਗਿਆ ਹੋਵੇ

(C) ਜਿਸ ਵਿੱਚ ਅਨੇਕ ਨਮੂਨੇ ਹੋਣ

(D) ਜਿਸ ਦੇ ਨਿਯਮ ਲਚਕੀਲੇ ਹੋਣ

**(vii) ਨਾਚ ਤੇ ਚਿੱਤਰਕਾਰੀ ਕਿਸ ਦੇ ਉਦਾਹਰਨ ਹਨ ?**

(A) ਲੋਕ-ਮੰਚ

(B) ਲੋਕ-ਨਾਚ

(C) ਲੋਕ-ਕਲਾ

(D) ਲੋਕ-ਚਿੱਤਰ

**(viii) ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਕੀ ਹੋ ਸਕਦਾ ਹੈ—**

(A) ਲੋਕ ਕਲਾਵਾਂ

(B) ਲੋਕ ਸ਼ਾਸਤਰ

(C) ਭਾਵਨਾਤਮਕ ਪ੍ਰਗਟਾਵਾ

(D) ਲੋਕ-ਨਾਚ ਦੀ ਪਰੰਪਰਾ

## ਭਾਗ-2: ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part-II: Writing Skill) 8+7=15

2. ਮੈਸਰਜ਼ ਗਰਗ ਫੋਟੋਸਟੇਟ ਹਾਊਸ, ਸ੍ਰੀ ਅੰਮ੍ਰਿਤਸਰ ਸਾਹਿਬ ਨੇ ਮੈਸਰਜ਼ ਮਾਡਰਨ ਇੰਜੀਨੀਅਰ ਤਕਨਾਲੋਜੀ ਲੁਧਿਆਣਾ ਨੂੰ ਇੱਕ ਫੋਟੋਸਟੇਟ ਮਸ਼ੀਨ ਦਾ ਆਰਡਰ ਦਿੱਤਾ ਸੀ। ਮਸ਼ੀਨ ਮਿਲਣ 'ਤੇ ਪਤਾ ਲੱਗਾ ਕਿ ਮਸ਼ੀਨ ਠੀਕ ਨਹੀਂ, ਫੋਟੋਸਟੇਟ ਕਾਪੀ ਸਾਫ਼ ਨਹੀਂ ਕੱਢਦੀ। ਇਸ ਮਸ਼ੀਨ ਨੂੰ ਠੀਕ ਕਰਾਉਣ ਬਾਰੇ ਪੱਤਰ ਲਿਖੋ। 8

**ਜਾਂ**

ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਆਯੋਜਿਤ ਹੋਣ ਵਾਲੇ ਕਿਸੇ ਕਿਸਾਨ ਮੇਲੇ ਵਿੱਚ ਆਪਣਾ ਸਟਾਲ ਲਾਉਣ ਲਈ ਮੇਲਾ-ਪ੍ਰਬੰਧਕਾਂ ਨੂੰ ਪੱਤਰ ਲਿਖੋ।

3. **ਕਿਸੇ ਇੱਕ** ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। 7

ਰੁੱਖਾਂ ਦੀ ਮਹੱਤਤਾ

**ਜਾਂ**

ਸਾਡੀ ਪਰੀਖਿਆ ਪ੍ਰਨਾਲ਼ੀ

## ਭਾਗ-3: ਵਿਹਾਰਕ ਵਿਆਕਰਨ (Part-III: Grammar) 3+10=13

4. **ਵਾਕ-ਵਟਾਂਦਰਾ**

ਹੇਠ ਲਿਖੇ ਵਾਕਾਂ ਵਿੱਚੋਂ **ਕਿਸੇ ਤਿੰਨ** ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ। (3X1)3

(i) ਅੱਜ-ਕੱਲ੍ਹ ਕੌਣ ਕਿਸੇ ਦੇ ਆਖੇ ਲੱਗਦਾ ਹੈ? (**ਸਧਾਰਨ ਵਾਕ ਬਣਾਓ**)

(ii) ਸਿਆਣੇ ਬੱਚੇ ਕਦੀ ਵੀ ਵੱਡਿਆਂ ਦਾ ਨਿਰਾਦਰ ਨਹੀਂ ਕਰਦੇ। (**ਹਾਂ-ਵਾਚਕ ਵਾਕ ਬਣਾਓ**)

(iii) ਰਾਜੂ ਨੇ ਕਾਰ ਚਲਾਈ। (**ਕਰਮਣੀ ਵਾਕ ਬਣਾਓ**)

(iv) ਭਾਵੇਂ ਤੁਸੀਂ ਦੌਲਤਮੰਦ ਹੋ ਤਾਂ ਵੀ ਤੁਸੀਂ ਸੁਖੀ ਨਹੀਂ ਹੋ। (**ਸੰਯੁਕਤ ਵਾਕ ਬਣਾਓ**)

5. **ਅਖਾਣ/ਅਖਾਉਤਾਂ**

ਹੇਠ ਦਿੱਤੇ ਗਏ ਅਖਾਣਾਂ ਵਿੱਚੋਂ **ਕਿਸੇ ਪੰਜ** ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ— (5X2)10

(i) ਸੰਗ ਤਾਰੇ ਕੁਸੰਗ ਡੋਬੇ

(ii) ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ

(iii) ਜੋ ਰਾਤੀਂ ਜਾਗਣ ਕਾਲੀਆਂ, ਸੋਈ ਖਾਣ ਸੁਖਾਲੀਆਂ

(iv) ਭੱਜਦਿਆਂ ਨੂੰ ਵਾਹਣ ਇੱਕੋ ਜਿਹੇ

(v) ਪਾਣੀ ਵਿੱਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ

(vi) ਖਿੱਦੋ ਫਰੋਲਿਆਂ ਲੀਰਾਂ ਹੀ ਨਿਕਲਦੀਆਂ ਹਨ

## ਸਾਹਿਤ 4 : (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) 8+4+6+5+8+5+8=44
## (Part-IV: Text Books based questions)

### ਕਵਿਤਾਵਾਂ ਵਿੱਚੋਂ 12

6. ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ—3+5=8

ਸੌਂ ਗਈਆਂ ਹਵਾਵਾਂ ਰੋ-ਰੋ, ਕਰ ਵਾਰਤਾਲਾਪ ਨੀਂ,
ਤਾਰਿਆਂ ਨੂੰ ਚੜ੍ਹ ਗਿਆ, ਮੱਠਾ-ਮੱਠਾ ਤਾਪ ਨੀਂ।
ਜੰਜ ਸਾਹਵਾਂ ਦੀ ਦਾ ਰੁੱਸ ਗਿਆ ਲਾੜਾ,
ਨੀਂ ਪੀੜਾਂ ਦਾ ਪਰਾਗਾ ਭੁੰਨ ਦੇ, ਭੱਠੀ ਵਾਲੀਏ!

**ਜਾਂ**

ਦੁਧੀਆਂ ਨਾਲ਼ ਪਲਮਦੇ ਬੱਚੇ, ਕੰਮੀਂ ਰੁੱਝੀਆਂ ਮਾਂਵਾਂ।
ਅੱਖਾਂ ਦੇ ਵਿੱਚ ਛਲਕਣ ਅੱਥਰੂ, ਹਿੱਕਾਂ ਦੇ ਵਿੱਚ ਆਹਾਂ।
ਬੋਕਿਆਂ ਵਰਗੇ ਪੇਟ ਉਹਨਾਂ ਦੇ, ਤੁੱਕਿਆਂ ਵਰਗੇ ਗਾਟੇ।
ਛਾਲੇ-ਛਾਲੇ ਹੱਥ ਉਹਨਾਂ ਦੇ, ਪੈਰ ਬਿਆਈਆਂ-ਪਾਟੇ।

7. ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (4X1)=4

**(i)** ਚਸ਼ਮੇ, ਨਾਲ਼ੇ, ਨਦੀਆਂ ਕਿਸ ਤਰ੍ਹਾਂ ਜਾਪ ਕਰ ਰਹੇ ਹਨ?

**(A)** ਨਿੱਕੇ ਸਮੁੰਦਰਾਂ ਵਾਂਗ **(B)** ਨਿੱਕੀਆਂ ਨਦੀਆਂ ਵਾਂਗ

**(C)** ਨਿੱਕੇ ਪਾਣੀ ਦੇ ਸਰੋਤ ਵਾਂਗ **(D)** ਅਰਸ਼ੀ ਰਮਜ਼ ਵਾਂਗ

**(ii)** **'ਚੁੰਮ-ਚੁੰਮ ਰੱਖੋ'** ਨਾਂ ਦੇ ਗੀਤ ਦੇ ਆਧਾਰ ਉੱਤੇ ਦੱਸੋ ਕਿ ਸਾਹਿਬਜ਼ਾਦਿਆਂ ਦੀ ਜੋੜੀ ਨੂੰ ਜੰਗ ਲਈ ਕਿਸ ਨੇ ਤੋਰਿਆ?

**(A)** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ **(B)** ਮਾਤਾ ਗੁਜਰੀ ਜੀ ਨੇ

**(C)** ਮਾਤਾ ਸੁੰਦਰੀ ਜੀ ਨੇ **(D)** ਮਾਤਾ ਜੀਤੋ ਜੀ ਨੇ

**(iii)** **'ਇਸ ਜ਼ਰਖੇਜ਼ ਜ਼ਮੀਨ ਦੇ ਲੂੰ-ਲੂੰ ਫੁੱਟਿਆ ਜ਼ਹਿਰ'**; ਤੁੱਕ ਵਿੱਚ ਜਰਖੇਜ਼ ਸ਼ਬਦ ਦਾ ਕੀ ਅਰਥ ਹੈ?

**(A)** ਜ਼ਰਾ ਜਿਹੀ **(B)** ਕਤਲੇ-ਆਮ

**(C)** ਉਪਜਾਊ **(D)** ਮਿੱਟੀ

**(iv)** 'ਮੇਰਾ ਬਚਪਨ' ਕਵਿਤਾ ਅਨੁਸਾਰ ਕਵੀ ਦਾ ਬਚਪਨ ਕਿਸ ਕਾਰਨ ਨਹੀਂ ਆਇਆ?

**(A)** ਪਿਤਾ ਦੀ ਮੌਤ ਕਾਰਨ **(B)** ਸੰਸਾਰ ਕਾਰਨ

**(C)** ਮਾਂ ਦੇ ਕਾਰਨ **(D)** ਭੈਣ-ਭਰਾਵਾਂ ਕਾਰਨ

## ਕਹਾਣੀਆਂ ਵਿੱਚੋਂ 6+5+8=**19**

8. **'ਨੀਲੀ'** ਕਹਾਣੀ ਦੇ ਪਾਤਰ 'ਗਵਾਲੇ' ਦੀ ਮਾਨਸਿਕ ਸਥਿਤੀ ਸਮਝਦੇ ਹੋਏ ਉਸ ਦੇ ਪਾਤਰ ਬਾਰੇ ਆਪਣੇ ਵਿਚਾਰ 125 ਤੋਂ 150 ਸ਼ਬਦਾਂ ਵਿੱਚ ਪ੍ਰਗਟ ਕਰੋ। **6**

**ਜਾਂ**

ਤੁਹਾਡੇ ਵਿਚਾਰ ਅਨੁਸਾਰ **'ਘਰ ਜਾ ਆਪਣੇ'** ਕਹਾਣੀ ਵਿੱਚ ਕਿਹੜੀ ਸਮਾਜਿਕ ਸਮੱਸਿਆ ਜਾਂ ਸਥਿਤੀ ਨੂੰ ਪ੍ਰਗਟਾਇਆ ਗਿਆ ਹੈ ਉਸ ਬਾਰੇ 125 ਤੋਂ 150 ਸ਼ਬਦਾਂ ਵਿੱਚ ਆਪਣੀ ਰਾਇ ਦਿਓ।

9. ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (5X1)=5

**(i)** **'ਬੁੱਢੀ ਮਾਈ'** ਦੇ ਥੈਲੇ ਵਿੱਚ ਕਿਸ ਤਰ੍ਹਾਂ ਦਾ ਖੇਸ ਸੀ?

**(A)** ਡੱਬੀਦਾਰ **(B)** ਚਿੱਟਾ

**(C)** ਅਸਮਾਨੀ **(D)** ਨਵਾਂ

**(ii)** ਗਵਾਲਾ ਗਾਂ ਦੀ ਧਾਰ ਕਿਸ ਭਾਂਡੇ ਵਿੱਚ ਕੱਢਦਾ ਸੀ?

(A) ਬਾਲਟੀ ਵਿੱਚ (B) ਗਾਗਰ ਵਿੱਚ

(C) ਡੋਲ੍ਹ ਵਿੱਚ (D) ਜੱਗ ਵਿੱਚ

**(iii)** ਜੀਤੋ ਦੇ ਵਿਆਹ ਸਮੇਂ ਉਸ ਦੀ ਉਮਰ ਕਿੰਨੀ ਸੀ?

(A) ਪੰਜੀ ਚਾਲ (B) ਵੀਹ ਸਾਲ

(C) ਸਤਾਰਾਂ ਸਾਲ (D) ਇੱਕੀ ਸਾਲ

**(iv)** **'ਮਾੜਾ ਬੰਦਾ'** ਕਹਾਣੀ ਵਿੱਚ ਲੇਖਕ ਅਤੇ ਰਿਕਸ਼ੇ ਵਾਲ਼ਾ ਕਿਹੜੇ ਵਰਗ ਨਾਲ਼ ਸੰਬੰਧਿਤ ਦਰਸਾਏ ਗਏ ਹਨ?

(A) ਨਿਮਨ, ਮੱਧ ਵਰਗ (B) ਮੱਧ, ਨਿਮਨ ਵਰਗ

(C) ਅਮੀਰ ਅਤੇ ਸਰਮਾਏਦਾਰ (D) ਇਹਨਾਂ ਵਿੱਚੋਂ ਕੋਈ ਨਹੀਂ

**(v)** **'ਸਾਂਝ'** ਕਹਾਣੀ ਅਨੁਸਾਰ ਸਵੇਰ ਹੁੰਦੇ ਹੀ **'ਰਸ'** ਦੀ ਮੰਗ ਕੌਣ ਕਰਦਾ ਹੈ?

(A) ਬੁੱਢੀ (B) ਸਾਈਕਲ ਸਵਾਰ

(C) ਪ੍ਰੋ. ਮਲ੍ਹੋਤਰਾ (D) ਦਿਨੇਸ਼

**(vi)** ਪ੍ਰੋਫ਼ੈਸਰ ਨੇ ਬੁੱਢੀ ਮਾਈ ਨੂੰ ਕਿੱਥੇ ਤੱਕ ਲੈ ਜਾਣ ਦਾ ਉਸਦਾ ਤਰਲਾ ਮੰਨ ਲਿਆ?

(A) ਸ਼ਹਿਰ ਤੱਕ (B) ਆਪਣੇ ਘਰ ਤੱਕ

(C) ਉਸ ਦੇ ਪਿੰਡ ਤੱਕ (D) ਗੁਰਦੁਆਰੇ ਤੱਕ

**10.** ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ **ਕਿਸੇ ਚਾਰ** ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ— (4X2)=8

**(i)** ਤੁਹਾਡੇ ਵਿਚਾਰ ਅਨੁਸਾਰ **'ਸਾਂਝ'** ਕਹਾਣੀ ਵਿੱਚ ਕਿਹੜੀ ਸਾਂਝ ਦਾ ਜ਼ਿਕਰ ਆਇਆ ਹੈ?

**(ii)** ਕੀ ਗਵਾਲੇ ਦਾ ਲੇਖਕ ਦੀ ਪਤਨੀ ਨੂੰ ਵੱਛੀ ਲਈ ਦੁੱਧ ਨਾ ਛੱਡਣ ਬਾਰੇ ਕਹਿਣਾ ਠੀਕ ਸੀ? ਆਪਣੇ ਉੱਤਰ ਦੀ ਪੁਸ਼ਟੀ ਕਰੋ।

**(iii)** ਜੇਠ ਦੀ ਧੁੱਪ ਕਾਰਨ ਸੜਕ ਦੀ ਹਾਲਤ ਕਿਹੋ ਜਿਹੀ ਸੀ?

**(iv)** ਜੀਤੋ ਦੇ ਵੀਰ ਦਾ ਗੱਚ ਕਿਸ ਗੱਲ ਕਰਕੇ ਭਰ ਆਇਆ? ਕਹਾਣੀ ਦੇ ਆਧਾਰ 'ਤੇ ਆਪਣੀ ਟਿੱਪਣੀ ਦਰਜ ਕਰੋ।

**(v)** ਲੇਖਕ ਦੀ ਪਤਨੀ ਰਿਕਸ਼ੇ ਵਾਲ਼ੇ ਦੀ ਵਕਾਲਤ ਕਿਵੇਂ ਕਰਦੀ ਹੈ?

## ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ 13

**11.** ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (5X1)=5

**(i) ਮੇਲੇ ਤੇ ਤਿਉਹਾਰ ਕਿਸ ਚੀਜ਼ ਦੇ ਸਮੂਹਿਕ ਵਸੀਲੇ ਹਨ?**

(A) ਮਨ ਪਰਚਾਵੇ ਤੇ ਮੇਲ ਜੋਲ (B) ਦੁਸ਼ਮਣੀਆਂ ਕੱਢਣ

(C) ਲੜਾਈ-ਝਗੜਾ (D) ਹਮਦਰਦੀ ਲਈ

**(ii) ਉਹ ਕਿਹੜੀ ਲੋਕ-ਖੇਡ ਹੈ ਜੋ ਕ੍ਰਿਕਟ ਵਿੱਚ ਜਾ ਸਮੋਈ ਹੈ?**

(A) ਖਿੱਦੋ-ਖੂੰਡੀ (B) ਲੂਣ ਤੇਲ ਲਲ੍ਹੇ

(C) ਅੱਡੀ ਛੜੱਪਾ (D) ਸ਼ੱਕਰ ਭਿੱਜੀ

**(iii) ਰਸਮ-ਰਿਵਾਜ ਸਾਡੀ ਕਿਸ ਚੀਜ਼ ਦੀ ਤਰਜ਼ਮਾਨੀ ਕਰਦੇ ਹਨ?**

(A) ਵਿਆਹ ਦੇ ਮੌਕੇ ਦੀ　　(B) ਬ੍ਰਹਮਚਰਜ ਦੀ

(C) ਸਾਡੇ ਜ਼ਜ਼ਬਿਆਂ ਦੀ　　(D) ਕੁੜਮਾਈ ਦੀ

**(iv) ਕਿਹੜਾ ਲੋਕ-ਨਾਚ ਪ੍ਰਾਚੀਨ ਕਾਲ ਤੋਂ ਸੂਫ਼ੀਆਂ-ਸੰਤਾਂ ਦੇ ਡੇਰਿਆਂ 'ਤੇ ਨੱਚਿਆਂ ਜਾਂਦਾ ਰਿਹਾ ਹੈ?**

(A) ਸੰਮੀ　　(B) ਝੂੰਮਰ

(C) ਲੁੱਡੀ　　(D) ਧਮਾਲ

**(v) ਮੁੰਡੇ ਦੇ ਘੋੜੀ ਚੜ੍ਹਨ ਸਮੇਂ ਘੋੜੀ ਦੀ ਵਾਗ ਕੌਣ ਫੜਦਾ ਹੈ?**

(A) ਭੈਣ　　(B) ਮਾਮੀ

(C) ਭਰਜਾਈ　　(D) ਚਾਚੀ

12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ **ਕਿਸੇ ਦੋ** ਪ੍ਰਸ਼ਨਾਂ ਦੇ ਉੱਤਰ 60 ਤੋਂ 70 ਸ਼ਬਦਾਂ ਵਿੱਚ ਲਿਖੋ— (2X4)=8

(i) ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ ਹਨ? ਇਹਨਾਂ ਵਿੱਚੋਂ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ।

(ii) ਪੰਜਾਬ ਦੇ ਲੋਕ ਨਾਚਾਂ ਦੀ ਪਰੰਪਰਾ ਜਾਂ ਪ੍ਰਾਚੀਨਤਾ ਦਾ ਕਿਵੇਂ ਪਤਾ ਲੱਗਦਾ ਹੈ?

(iii) 'ਅੱਡੀ–ਛੜੱਪਾ ਜਾਂ ਅੱਡੀ ਟੱਪਾ' ਖੇਡ ਬਾਰੇ ਤੁਸੀਂ ਕੀ ਜਾਣਦੇ ਹੋ— ਦਲੀਲਾਂ ਸਹਿਤ ਆਪਣੀ ਗੱਲ ਸਪਸ਼ਟ ਕਰੋ।